# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 21-07-2025**

ਸੰਸਦ ਦਾ ਮਾਨਸੂਨ ਇਜਲਾਸ ਸ਼ੁਰੂ ਹੋ ਗਿਆ ਏ। ਇਹ ਇਜਲਾਸ 21 ਅਗਸਤ ਤੱਕ ਚੱਲੇਗਾ ਤੇ ਇਸ ਦੌਰਾਨ 21 ਬੈਠਕਾਂ ਹੋਣਗੀਆ ਤੇ ਵੱਖ-ਵੱਖ ਬਿੱਲਾਂ ਉੱਤੇ ਚਰਚਾ ਤੇ ਇਨ੍ਹਾਂ ਦੇ ਪਾਸ ਹੋਣ ਦੀ ਉਮੀਦ ਏ। ਆਪਰੇਸ਼ਨ ਸਿੰਦੂਰ 'ਤੇ ਚਰਚਾ ਸਮੇਤ ਵੱਖ-ਵੱਖ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਕੀਤੀ ਨਾਅਰੇਬਾਜ਼ੀ ਦਰਮਿਆਨ ਲੋਕ ਸਭਾ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਪਹਿਲੀ ਵਾਰ ਮੁਲਤਵੀ ਹੋਣ ਤੋਂ ਬਾਅਦ ਜਦੋਂ ਸਦਨ ਦੁਪਹਿਰ 12 ਵਜੇ ਜੁੜਿਆ, ਤਾਂ ਕਾਂਗਰਸ, ਸਮਾਜਵਾਦੀ ਪਾਰਟੀ, ਡੀਐਮਕੇ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਮੈਂਬਰ ਸਦਨ ਦੇ ਵੈੱਲ ਕੋਲ ਇਕੱਠੇ ਹੋ ਗਏ ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪ੍ਰੀਜਾਇਡਿੰਗ ਅਫ਼ਸਰ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਬੈਠਣ ਅਤੇ ਸਿਫ਼ਰ ਕਾਲ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਮੀਦ ਪ੍ਰਗਟਾਈ ਏ ਕਿ ਸੰਸਦ ਦਾ ਮਾਨਸੂਨ

ਇਜਲਾਸ ਸਾਰਥਕ ਰਹੇਗਾ ਤੇ ਹਾਂ-ਪੱਖੀ ਚਰਚਾ ਨਾਲ ਭਰਪੂਰ ਹੋਵੇਗਾ। ਸੰਸਦ ਦੇ ਮਾਨਸੂਨ ਇਜਲਾਸ ਦੀ ਸ਼ੁਰੂਆਤ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਇਜਲਾਸ ਦੇਸ਼ ਲਈ ਮਾਣ ਵਾਲਾ ਪਲ ਏ। ਪ੍ਰਧਾਨ ਮੰਤਰੀ ਨੇ ਸਾਰੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਅੱਜ ਤੋਂ ਸ਼ੁਰੂ ਮਾਨਸੂਨ ਸੈਸ਼ਨ ਦੇ ਸੁਚਾਰੂ ਕੰਮ-ਕਾਜ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ।

**Byte…**

ਪ੍ਰਧਾਨ ਮੰਤਰੀ ਨੇ ਕਿਹਾ ਕਿ ਪੂਰੀ ਦੁਨੀਆ ਨੇ ਭਾਰਤ ਦੀ ਫੌਜੀ ਤਾਕਤ ਦੇਖੀ ਏ ਤੇ ਆਪ੍ਰੇਸ਼ਨ ਸਿੰਦੂਰ ਦੌਰਾਨ, ਭਾਰਤੀ ਫੌਜ ਨੇ ਨਿਰਧਾਰਤ ਟੀਚਾ 100 ਫੀਸਦ ਹਾਸਿਲ ਕੀਤਾ ਏ। ਆਪ੍ਰੇਸ਼ਨ ਸਿੰਦੂਰ ਤਹਿਤ ਅੱਤਵਾਦ ਦੇ ਮਾਸਟਰਮਾਈਂਡਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਵਿਚ ਤਬਾਹ ਕੀਤਾ ਗਿਆ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਨੇ ਅੱਤਵਾਦ ਤੋਂ ਲੈ ਕੇ ਨਕਸਲਵਾਦ ਤੱਕ, ਕਈ ਹਿੰਸਕ ਚੁਣੌਤੀਆਂ ਦਾ ਸਾਹਮਣਾ ਕੀਤਾ ਏ ਪਰ ਹੁਣ ਨਕਸਲਵਾਦ ਤੇ ਮਾਓਵਾਦ ਦਾ ਅਸਰ ਤੇਜ਼ੀ ਨਾਲ ਘੱਟ ਰਿਹਾ ਏ।

----------------------------------------------------------

ਪੰਜਾਬ ਦੇ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਡਾ.

ਬਲਜੀਤ ਕੌਰ ਨੇ ਦੱਸਿਆ ਏ ਕਿ ਜੀਵਨਜੋਤ ਪ੍ਰਾਜੈਕਟ 2 ਤਹਿਤ ਲੁਧਿਆਣਾ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿੱਚੋਂ ਭੀਖ ਮੰਗਦੇ ਕੁੱਲ 21 ਬੱਚਿਆਂ ਦਾ ਬਚਾਅ ਕੀਤਾ ਗਿਆ ਏ। ਉਨ੍ਹਾਂ ਦੱਸਿਆ ਕਿ ਵਿਭਾਗ ਦੀ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਨੇ ਲੁਧਿਆਣਾ ਦੇ ਬੱਸ ਅੱਡੇ, ਰੇਲਵੇ ਸਟੇਸ਼ਨ ਤੇ ਹੋਰ ਥਾਵਾਂ ’ਤੇ ਛਾਪੇ ਮਾਰ ਕੇ 18 ਬੱਚਿਆਂ ਤੇ ਨਵਾਂਸ਼ਹਿਰ ਤੋਂ 3 ਹੋਰ ਬੱਚਿਆਂ ਦਾ ਬਚਾਅ ਕੀਤਾ ਗਿਆ ਏ। ਇਨ੍ਹਾਂ ਬੱਚਿਆਂ ਨੂੰ ਬਾਲ ਭਲਾਈ ਕਮੇਟੀਆਂ ਅੱਗੇ ਪੇਸ਼ ਕਰ ਕੇ ਫਿਲਹਾਲ ਬਾਲ ਘਰਾਂ ਵਿਚ ਰੱਖਿਆ ਗਿਆ ਏ। ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਬੱਚੇ ਨੂੰ ਭੀਖ ਮੰਗਦਾ ਦੇਖੋ ਤਾਂ ਤੁਰੰਤ ਚਾਈਲਡ ਹੈਲਪ ਲਾਈਨ ਨੰਬਰ 1098 ’ਤੇ ਸੂਚਨਾ ਦਿਓ, ਤਾਂ ਜੋ ਤੁਰੰਤ ਕਾਰਵਾਈ ਕੀਤੀ ਜਾ ਸਕੇ।

---------------------------------------------------------------

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋ ਲੁਧਿਆਣਾ ਦੇ ਮੁੱਖ ਖੇਤੀਬਾੜੀ ਦਫਤਰ ਵਿਚ 'ਆਤਮਾ ਕਿਸਾਨ ਬਾਜ਼ਾਰ' ਲਗਾਇਆ ਗਿਆ। ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੀਪ ਸਿੰਘ ਨੇ ਦੱਸਿਆ ਕਿ 'ਆਤਮਾ ਕਿਸਾਨ ਬਾਜ਼ਾਰ' ਕਿਸਾਨ ਉਤਪਾਦਾਂ ਦਾ ਬਾਜਾਰ ਏ। ਇੱਥੇ ਕਿਸਾਨ ਤੇ ਖੇਤੀਬਾੜੀ ਨਾਲ ਸਬੰਧਤ ਅਦਾਰੇ ਆਪਣਾ ਸਾਮਾਨ ਵੇਚ ਤੇ ਖ਼ਰੀਦ ਸਕਦੇ ਨੇ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਤੇ

ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਖੇਤੀਬਾੜੀ ਦਫ਼ਤਰ ਵਿਚ ਹਰ ਐਤਵਾਰ ਸ਼ਾਮ 3 ਵਜੇ ਤੋਂ ਸ਼ਾਮ 7 ਵਜੇ ਤੱਕ ਲਗਾਏ ਜਾ ਰਹੇ 'ਆਤਮਾ ਕਿਸਾਨ ਬਾਜ਼ਾਰ' ਵਿਚ ਆਉਣ ਤੇ ਜੈਵਿਕ ਤੇ ਦੇਸੀ ਉਤਪਾਦਾਂ ਨੂੰ ਤਰਜੀਹ ਦੇਣ।

-----------------------------------------------------------

ਦਰਖਤਾਂ ਦੀ ਅੰਨੇਵਾਹ ਕਟਾਈ ਤੇ ਆਲਮੀ ਤਪਸ਼ ਜਿਹੀ ਸਥਿਤੀ ਨੂੰ ਦੇਖਦੇ ਹੋਏ ਰੋਟਰੀ ਕਲੱਬ ਗੁਰਦਸਪੁਰ ਨੇ ਨਰਸਰੀ ਤੋਂ 450 ਦੇ ਕਰੀਬ ਬੂਟੇ ਖ਼ਰੀਦ ਕੇ ਸ਼ਹਿਰ ਨਿਵਾਸੀਆਂ ਨੂੰ ਵੰਡੇ । ਕਲੱਬ ਦੇ ਮੈਂਬਰਾਂ ਨੇ ਗੁਰਦਾਸਪੁਰ ਸਥਿਤ ਪੁੱਡਾ ਕਾਲੋਨੀ ਦੇ ਲੋਕਾਂ ਨੂੰ ਘਰਾਂ ਅਤੇ ਆਪਣੇ ਆਲੇ ਦੁਆਲੇ ਖਾਲੀ ਥਾਵਾਂ ਉੱਤੇ ਬੂਟੇ ਲਗਾਉਣ ਦੀ ਪ੍ਰੇਰਣਾ ਕੀਤੀ। ਇਸ ਤੋਂ ਪਹਿਲਾਂ ਲੋਕਾਂ ਨੂੰ ਸਹੁੰ ਚੁਕਾਈ ਗਈ ਕਿ ਉਹ ਉਦੋਂ ਤੱਕ ਹਰ ਬੂਟੇ ਦੀ ਸੰਭਾਲ ਕਰਨਗੇ ਜਦੋਂ ਤੱਕ ਕਿ ਇਹ ਦਰਖ਼ਤ ਨਹੀਂ ਬਣ ਜਾਂਦੇ।

-----------------------------------------------------------

ਅੱਜ ਸਵੇਰੇ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਬੇਸ ਕੈਂਪ ਤੋਂ 3,791 ਸ਼ਰਧਾਲੂਆਂ ਦਾ 19ਵਾਂ ਜੱਥਾ ਸ਼੍ਰੀ ਅਮਰਨਾਥ ਗੁਫਾ ਲਈ ਰਵਾਨਾ ਹੋਇਆ। ਇਨ੍ਹਾਂ ਵਿੱਚੋਂ, 1, 208 ਸ਼ਰਧਾਲੂ ਬਾਲਟਾਲ ਬੇਸ ਕੈਂਪ ਗਏ ਨੇ ਤੇ 2,500 ਤੋਂ ਵੱਧ ਸ਼ਰਧਾਲੂ ਪਹਿਲਗਾਮ ਬੇਸ ਕੈਂਪ ਗਏ, ਜਿੱਥੋਂ

ਉਹ ਪਵਿੱਤਰ ਗੁਫਾ ਲਈ ਅੱਗੇ ਦੀ ਯਾਤਰਾ ਆਰੰਭ ਕਰਨਗੇ। ਦੱਸਿਆ ਗਿਆ ਏ ਕਿ ਯਾਤਰਾ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਨੇ।